**BCM SCHOOL BASANT AVENUE DUGRI ROAD LUDHIANA**

**REVISION ASSIGNMENT FOR SEPTEMBER**

**ਭਾਗ-1 : ਪੜ੍ਹਨ ਕੌਸ਼ਲ**

**1. ਹੇਠ ਦਿੱਤੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਹੇਠ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੱਤੇ ਹੋਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ**:'ਅਨਪੜ੍ਹ' ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਅਨ' ਅਤੇ 'ਪੜ੍ਹ' ।' ਪੜ੍ਹ' ਸ਼ਬਦ ਤੋਂ ਭਾਵ ਹੈ ਪੜ੍ਹਨਾ । 'ਅਨ' ਅਗੇਤਰ ਇਸ ਨੂੰ ਨਾਂਹ-ਵਾਚਕ ਬਣਾ ਦਿੰਦਾ ਹੈ। ਭਾਵ ਜਿਹੜਾ ਪੜ੍ਹਿਆ-ਲਿਖਿਆ ਨਾ ਹੋਵੇ । ਗਿਆਨ ਪ੍ਰਾਪਤੀ ਹੀ ਮਨੁੱਖ ਨੂੰ ਅਨਪੜ੍ਹਤਾ ਦੇ ਹਨੇਰੇ ਵਿੱਚੋਂ ਕੱਢਦੀ ਹੈ।ਗਿਆਨ ਵਿਹੂਣਾ ਵਿਅਕਤੀ ਪਸ਼ੂ ਵਰਗਾ ਹੀ ਹੁੰਦਾ ਹੈ । ਗਿਆਨ ਦਾ ਅੰਤ ਨਹੀਂ ਹੈ । ਮਨੁੱਖ ਆਪਣੀ ਪੈਦਾਇਸ਼ ਤੋਂ ਲੈ ਕੇ ਮੌਤ ਤੱਕ ਨਿੱਤ-ਪ੍ਰਤੀ ਆਪਣੇ ਆਲੇ- ਦੁਆਲੇ ਤੋਂ ਗਿਆਨ ਪ੍ਰਾਪਤ ਕਰਦਾ ਰਹਿੰਦਾ ਹੈ । ਅੱਖਰ ਗਿਆਨ ਮਨੁੱਖ ਨੂੰ ਮਾਨਸਿਕ ਰੂਪ ਵਿੱਚ ਚੇਤਨ ਕਰਨ ਲਈ ਸਹਾਈ ਹੁੰਦਾ ਹੈ। ਜੀਵਨ ਵਿੱਚ ਪੜ੍ਹਾਈ ਦੀ ਬਹੁਤ ਮਹੱਤਤਾ ਹੈ। ਗਿਆਨ ਜੀਵਨ ਦਾ ਅਹਿਮ ਹਿੱਸਾ ਹੈ। ਗਿਆਨ ਪ੍ਰਾਪਤੀ ਮਨੁੱਖ ਨੂੰ ਹੀ ਨਹੀਂ, ਦੇਸ਼ ਨੂੰ ਵੀ ਤਰੱਕੀ ਵੱਲ ਲੈ ਜਾਂਦੀ ਹੈ। ਪੜ੍ਹੇ- ਲਿਖੇ ਵਿਅਕਤੀ ਦਾ ਆਪਣਾ ਵਜੂਦ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਹੁੰਦੀ ਹੈ ਤਾਂ ਹੀ ਉਸਨੂੰ ਸਮਾਜ ਵਿੱਚ ਇੱਜ਼ਤ ਹਾਸਲ ਹੁੰਦੀ ਹੈ। ਪੜ੍ਹਾਈ ਦਾ ਮਹੱਤਵ ਅੱਜ- ਕੱਲ੍ਹ ਦਿਨੋਂ- ਦਿਨ ਵਧਦਾ ਹੀ ਜਾ ਰਿਹਾ ਹੈ। ਸੁਖਾਵਾਂ ਜੀਵਨ ਜਿਉਣ ਲਈ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਪੜ੍ਹਿਆ - ਲਿਖਿਆ ਹੋਣਾ ਜ਼ਰੂਰੀ ਹੈ।

1. ਕਿਹੜੀ ਚੀਜ਼ ਮਨੁੱਖ ਨੂੰ ਅਨਪੜ੍ਹਤਾ ਦੇ ਹਨੇਰੇ ਵਿੱਚੋਂ ਕੱਢਦੀ ਹੈ?

A) ਪਸ਼ੂ ਬਿਰਤੀ ਦੀ ਪ੍ਰਾਪਤੀ  B) ਅਗਿਆਨਤਾ ਦੀ ਪ੍ਰਾਪਤੀ

C) ਗਿਆਨ ਦੀ ਪ੍ਰਾਪਤੀ  D) ਆਲਸ ਦੀ ਪ੍ਰਾਪਤੀ

2. ਗਿਆਨ ਤੋਂ ਖਾਲੀ ਮਨੁੱਖ ਕਿਸ ਸਮਾਨ ਹੁੰਦਾ ਹੈ ?

A) ਬੁੱਧੀਮਾਨ ਸਮਾਨ  B) ਪਾਗਲ ਸਮਾਨ  C) ਗਿਆਨਵਾਨ ਸਮਾਨ  D) ਪਸ਼ੂ ਸਮਾਨ

3.ਜੀਵਨ ਵਿੱਚ ਕਿਸ ਚੀਜ਼ ਦੀ ਬਹੁਤ ਮਹੱਤਤਾ ਹੈ ?

A) ਚੇਤੰਨਤਾ ਦੀ  B) ਆਲਸ ਦੀ  C) ਪੜ੍ਹਾਈ ਦੀ  D) ਅਨਪੜ੍ਹਤਾ ਦੀ

4.ਪੜ੍ਹੇ ਲਿਖੇ ਬੰਦੇ ਨੂੰ ਸਮਾਜ ਵਿੱਚ ਕੀ ਮਿਲਦਾ ਹੈ ?

A) ਇਨਾਮ  B) ਬੇਇਜ਼ਤੀ  C) ਰਤਨ  D) ਇੱਜਤ

5. ਕਿਹੜੀ ਚੀਜ਼ ਜੀਵਨ ਦਾ ਅਹਿਮ ਹਿੱਸਾ ਹੈ ?

A) ਖੇਡਣਾ  B) ਗਿਆਨ  C) ਵਿਹਲੇ ਫਿਰਨਾ  D) ਅਗਿਆਨਤਾ

6. ਵਿਹੂਣਾ ਸ਼ਬਦ ਦਾ ਕੀ ਅਰਥ ਹੈ ?

A) ਬਿਨਾਂ  B) ਨਾਲ  C) ਸੰਗ  D) ਸਮਝਦਾਰ

**11. ਹੇਠ ਲਿਖੀ ਅਣਡਿੱਠੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਦਸਮ ਗੁਰੂ ਚਮਕੌਰ ਦੀ ਗੜ੍ਹੀ ਅੰਦਰ, ਘੇਰਾ ਮੁਗਲਾਂ ਦੇ ਆਣ ਭੰਗ ਕੀਤਾ।
ਕੁੱਲ ਦਿੱਲੀ ਪੰਜਾਬ ਦੀ ਬਾਦਸ਼ਾਹੀ, ਨਾਲ ਰਾਜੇ ਪਹਾੜੀਆਂ ਸੰਗ ਕੀਤਾ।
ਅੰਦਰ ਗਿਣਤੀ ਦੇ ਸਿੰਘ ਤੇ ਸਾਹਿਬਜ਼ਾਦੇ, ਜਿਨ੍ਹਾਂ ਸੀਸ ਤਲੀ ਧਰ ਜੰਗ ਕੀਤਾ।

1. ਮੁਗਲਾਂ ਨੇ ਗੁਰੂ ਜੀ ਨੂੰ ਕਿੱਥੇ ਘੇਰਾ ਪਾਇਆ ਸੀ?

2. ਹਮਲਾਵਰ ਕੌਣ ਸਨ ?

3. ਸੀਸ ਤਲੀ ਤੇ ਧਰ ਕੇ ਕਿਨ੍ਹਾਂ ਨੇ ਜੰਗ ਕੀਤਾ?

4. ਇਸ ਕਾਵਿ-ਟੁਕੜੀ ਵਿੱਚ ਕਿਸ ਗੁਰੂ ਬਾਰੇ ਕਿਹਾ ਗਿਆ ਹੈ?

## ਭਾਗ - II : ਵਿਆਕਰਨ

**III. ਵਿਰੋਧੀ ਸ਼ਬਦ (ਕੋਈ ਦੋ ਹੱਲ ਕਰੋ)** :

1. ਅੰਤ ਦਾ ਸਹੀ ਵਿਰੋਧੀ ਸ਼ਬਦ ਚੁਣੋ :- A) ਆਰੰਭ B) ਅਖੀਰ C) ਨਵਾਂ D) ਦੂਰ

2.ਧਰਤੀ ਦਾ ਵਿਰੋਧੀ ਸ਼ਬਦ ਚੁਣੋ :- A) ਮਿੱਟੀ B) ਭੂਮੀ C) ਜ਼ਮੀਨ D) ਅਸਮਾਨ

3. ਕੁੜੱਤਣ ਦਾ ਸਹੀ ਵਿਰੋਧੀ ਸ਼ਬਦ ਚੁਣੋ:- A) ਨਮਕੀਨ B) ਮਿਠਾਸ C) ਗਰਮੀ D) ਕੌੜਾ

**IV. ਲਿੰਗ ਬਦਲੋ(ਕੋਈ ਦੋ ਹੱਲ ਕਰੋ)**

1 ਜਿਹੜੇ ਸ਼ਬਦ ਮਾਦਾ ਭੇਦ ਨੂੰ ਪ੍ਰਗਟ ਕਰਨ, ਉਹਨਾਂ ਨੂੰ ਕੀ ਕਹਿੰਦੇ ਹਨ ?

A) ਲਿੰਗ B )ਪੁਲਿੰਗ C) ਇਸਤਰੀ ਲਿੰਗ D) ਵਿਸ਼ੇਸ਼ਣ

2.ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

A) ਸ਼ੇਰ B) ਭਰਾ C) ਦਰਜ਼ੀ D) ਲੋਹਾ

3. ਲਿੰਗ ਦੀਆ ਕਿਸਮਾਂ ਦੱਸੋ।:- A) ਚਾਰ B) ਦੋ C) ਅੱਠ D) ਤਿੰਨ

**V. ਵਿਸਮਿਕ (ਕੋਈ ਦੋ ਹੱਲ ਕਰੋ**)

1 ਵਿਸਮਿਕ ਚਿੰਨ੍ਹ ਕਿਹੜਾ ਹੁੰਦਾ ਹੈ ? A); B) ? C) । D) !

2.ਕਾਸ਼! ਵਿਸਮਿਕ ਸ਼ਬਦ ਤੋਂ ਕਿਹੜਾ ਭਾਵ ਪ੍ਰਗਟ ਹੁੰਦਾ ਹੈ?

A) ਖੁਸ਼ੀ B) ਇੱਛਾ C) ਅਸੀਸ D) ਸਤਿਕਾਰ

3. ਖਬਰਦਾਰ ਜਾਂ ਸੂਚਿਤ ਕਰਨ ਲਈ ਕਿਹੜੇ ਵਿਸਮਿਕ ਵਰਤੇ ਜਾਂਦੇ ਹਨ?

A) ਉਫ,ਹਾਏ! B) ਵੇਖੀ, ਰੁਕ! C) ਵਾਹ! ਸ਼ਾਬਾਸ਼! D) ਕਾਸ਼, ਜੇ ਕਿਤੇ!

**VI. ਸ਼ਬਦ ਸ਼ੁੱਧੀ (ਕੋਈ ਦੋ ਹੱਲ ਕਰੋ) :-** 1. ਗੁਰਣਾਮ ਬੋਹਤ ਹਸਦਾ ਹੈ। 2. ਦੁਕਾਣ ਵਿੱਚ ਰੋਗਣ ਕਰਾ ਲੋ।

3. ਸਕੂਲ ਵੀਚ ਅੱਜ ਛੂਟੀ ਹੈ।

**VI. ਕਿਰਿਆ (ਕੋਈ ਦੋ ਹੱਲ ਕਰੋ)**

1. ਜਿਸ ਵਾਕ ਵਿੱਚ ਕਿਰਿਆ ਦਾ ਕਰਮ ਹੋਵੇ, ਉਸਨੂੰ ਕੀ ਕਹਿੰਦੇ ਹਨ?

2. ਕਮਲਜੀਤ ਇਮਾਨਦਾਰ ਹੈ । ਸੰਸਰਗੀ ਕਿਰਿਆ ਚੁਣੋ ।

3. ਮੁੰਡੇ ਨੇ ਗਿਲਾਸ ਤੋੜ ਦਿੱਤਾ। ਵਾਕ ਵਿੱਚੋਂ ਕਰਤਾ ਚੁਣੋ।

**VIII. ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ**

1 ਉਟ ਨਾ ਕਰਨਾ    2. ਅੱਗ ਨਾਲ ਖੇਡਣਾ    3. ਸਿੱਕਾ ਜੰਮਣਾ

## ਭਾਗ – III : ਪ੍ਰਭਾਵਸ਼ਾਲੀ ਲਿਖਣ ਕੌਸ਼ਲ

**IX. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ 200 ਸ਼ਬਦਾਂ ਵਿੱਚ ਲੇਖ ਲਿਖੋ।**

1. ਮੇਰਾ ਮਨਪਸੰਦ ਅਧਿਆਪਕ

(ਜਾਣ-ਪਛਾਣ, ਪੜ੍ਹਾਉਣ ਦੀ ਕਲਾ, ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਵਾਲੇ, ਹੋਰ ਗਤੀਵਿਧੀਆਂ ਵਿੱਚ ਦਿਲਚਸਪੀ ਲੈਣ ਵਾਲੇ, ਸਮੇਂ ਦੇ ਪਾਬੰਦ, ਵਿਦਿਆਰਥੀਆਂ ਲਈ ਚਾਨਣ ਮੁਨਾਰੇ, ਸਿੱਟਾ)

2. ਸੰਗਤ ਦੀ ਰੰਗਤ

(ਜਾਣ-ਪਛਾਣ ਮਨੁੱਖ ਤੇ ਉਸ ਦੀ ਸੰਗਤ, ਪਦਾਰਥਕ ਰੁਚੀਆਂ ਦਾ ਗੁਲਾਮ ਮਨੁੱਖ, ਚੰਗੀ ਸੰਗਤ ਵਾਲੇ ਵਡਭਾਗੇ ਹੁੰਦੇ ਹਨ, ਚੰਗੀ ਸੰਗਤ ਦਾ ਅਸਰ, ਬੁਰੀ ਸੰਗਤ ਦਾ ਅਸਰ, ਚੇਤੰਨਤਾ ਦੀ ਲੋੜ, ਸਿੱਟਾ)

3. ਵਿਸਾਖੀ

(ਜਾਣ ਪਛਾਣ, ਸੱਭਿਆਚਾਰਕ ਮਹੱਤਤਾ, ਧਾਰਮਿਕ ਮਹੱਤਤਾ, ਇਤਿਹਾਸਿਕ ਮਹੱਤਤਾ, ਮੇਲੇ ਦੀਆਂ ਰੌਣਕਾਂ, ਦੀਵਾਨ ਲੱਗਏ,ਸਿੱਟਾ )

**X. ਪੱਤਰ/ਬਿਨੈ-ਪੱਤਰ**

* ਆਪਣੇ ਪਿਤਾ ਜੀ ਨੂੰ ਮਹੀਨੇ ਦਾ ਖਰਚ ਵਧਾਉਣ ਲਈ ਪੱਤਰ ਲਿਖੋ।

( ਆਪਣਾ ਪਤਾ ਤੇ ਸੰਬੋਧਨੀ ਸ਼ਬਦ, ਖਰਚਾ ਵਧਾ ਦੇਣਾ, ਘਰ ਦੀ ਮਾੜੀ ਆਰਥਿਕਤਾ ਦਾ ਅਹਿਸਾਸ ਮਹਿੰਗਾਈ ਵਿੱਚ ਗੁਜ਼ਾਰਾ ਔਖਾ ਉਧਾਰ ਫੜ ਕੇ ਗੁਜ਼ਾਰਾ, ਪੜ੍ਹਾਈ ਖਤਮ ਹੋਣ ਤੇ ਕਮਾ ਲਵਾਂਗਾ)

*ਤੁਸੀਂ ਆਪਣੇ ਬੈਂਕ ਖਾਤੇ ਨੂੰ ਅਧਾਰ ਕਾਰਡ ਨਾਲ ਜੋੜਨਾ ਚਾਹੁੰਦੇ ਹੋ, ਇਸ ਸਬੰਧੀ ਬੈਂਕ ਮੈਨੇਜਰ ਨੂੰ ਬਿਨੈ-ਪੱਤਰ ਲਿਖੋ।

(ਸੰਬੋਧਨੀ ਸ਼ਬਦ, ਵਿਸ਼ਾ, ਖਾਤਾ ਨੰਬਰ, ਖਾਤਾ ਅਧਾਰ ਕਾਰਡ ਨਾਲ ਜੋੜਨਾ, ਅਧਾਰ ਨੰਬਰ )

**X1. ਤਸਵੀਰ ਵਰਣਨ ਕਰੋ**



## ਭਾਗ IV ਪਾਠ ਪੁਸਤਕ ਨਾਲ ਸੰਬੰਧਿਤ

**XII ਕਹਾਣੀ ਤੇ ਵਾਰਤਕ ਵਿੱਚੋ :-** ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਬਹੁ - ਵਿਕਲਪੀ ਉੱਤਰਾਂ ਵਿੱਚੋਂ ਚੁਣ ਕੇ ਲਿਖੋ।

1. ਦਰਬਾਰਾ ਸਿੰਘ ਕਪੂਰ ਸਿੰਘ ਦਾ ਕੀ ਲਗਦਾ ਸੀ ?

A) ਸਕਾ ਭਰਾ B) ਚਾਚੇ ਦਾ ਪੁੱਤ C) ਚਾਚਾ D) ਤਾਇਆ

2. ਤਾਏ ਨੇ ਬੱਕਰੀ ਦੇ ਸਿਰ ਕੀ ਬੰਨ੍ਹਣ ਦੀ ਗੱਲ ਕੀਤੀ ? A) ਸਿੰਘ B) ਚਾਕੂ C) ਛੁਰੀਆਂ D) ਟਕੂਆ

3. ਮੈਂ ਦਾ ਅਰਥ ਕੀ ਹੈ ? A) ਨਰਮੀ B) ਦੋਸਤੀ C) ਪਿਆਰ D) ਹੰਕਾਰ

4. ਲੇਖਕ ਦੀ ਮਾਮੀ ਕਿਹੋ-ਜਿਹੇ ਰੰਗ ਦੀ ਸੀ ?

A) ਗੰਦਮੀ ਰੰਗ ਦੀ B ) ਗੋਰੇ ਰੰਗ ਦੀ C) ਕਾਲੇ ਰੰਗ ਦੀ D) ਭੂਰੇ ਰੰਗ ਦੀ

**XIII. ਕਵਿਤਾ ਤੇ ਇਕਾਂਗੀ ਵਿੱਚੋਂ**

ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਬਹੁ - ਵਿਕਲਪੀ ਉੱਤਰਾਂ ਵਿੱਚੋਂ ਚੁਣੋ

1. ਸਮੇਂ ਦੀ ਗਤੀ ਕਿਸ ਤਰ੍ਹਾਂ ਦੀ ਹੁੰਦੀ ਹੈ ? A) ਹੌਲੀ B) ਤੇਜ਼ C) ਮੱਧਮ D) ਰੁਕੀ ਹੋਈ

2. ਦੁਨੀਆਂ ਤੇ ਕਿਸ ਦੀ ਨਜ਼ਰ ਸਵੱਲੀ ਹੁੰਦੀ ਹੈ ?

A) ਸ਼ੌਕੀਨ ਦੀ B) ਨੌਜਵਾਨ ਦੀ C) ਕਿਸਾਨ ਦੀ D) ਰੱਬ ਦੀ

3. ਤਹਿਜ਼ੀਬ ਦਾ ਅਰਥ ਕੀ ਹੁੰਦਾ ਹੈ ?A) ਕੋਈ ਚੀਜ਼ B) ਕੰਮ-ਕਾਰ C) ਬੋਲ-ਚਾਲ D) ਸੱਭਿਅਤਾ

4.ਬੀਜੀ ਕੁਲਦੀਪ ਨਾਲ ਕਿਵੇਂ ਗੱਲ ਕਰਦੀ ਹੈ ?

A) ਝੁਕ ਕੇ B) ਪਿਆਰ ਨਾਲ. C) ਕੜਕ ਕੇ D) ਲੜ ਕੇ

**XIV. ਕਹਾਣੀ ਅਤੇ ਵਾਰਤਕ ਵਿੱਚੋਂ**

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ

1. ਦਰਬਾਰੇ ਨੂੰ ਪਿੰਡ ਵਿੱਚ ਕਿਸ ਦੀ ਚੁੱਕ ਸੀ ?

2. ਜੀਤ ਨੇ ਕਿੱਥੇ ਜਾ ਕੇ ਬਸ ਰੋਕੀ ਤੇ ਪਾਲੀ ਨੂੰ ਉਤਰਨ ਲਈ ਕਿਹਾ ?

3. ਮੱਝਾਂ ਦੇ ਸਿੰਗਾਂ ਨੂੰ ਤੇਲ ਲਾ ਕੇ ਕਿਹੋ-ਜਿਹਾ ਵਾਤਾਵਰਨ ਹੋ ਜਾਂਦਾ ਸੀ?

4. ਕੁੱਤੇ ਨੇ ਤਾਏ ਦੇ ਕਿੰਨੇ ਦੰਦ ਮਾਰੇ?

**XV. ਕਹਾਣੀ, ਇਕਾਂਗੀ ਤੇ ਵਾਰਤਕ ਵਿੱਚੋਂ**

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ:-

1 ਜੁਗਲ ਪ੍ਰਸ਼ਾਦ ਜੋਤੀ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖਲ ਕਿਉਂ ਕਰਵਾਉਣਾ ਚਾਹੁੰਦਾ ਸੀ?

2. ਕਪੂਰ ਸਿੰਘ ਦੇ ਘਰ ਬਣਾਉਣ ਦੇ ਕਿਹੜੇ- ਕਿਹੜੇ ਕੰਮ ਜਲਦੀ ਹੋ ਗਏ ?

3. ਹਸਪਤਾਲ ਵਿੱਚ ਪਾਲੀ ਨੂੰ ਕਿਹੜੀ ਗੱਲ ਬੇਚੈਨ ਕਰ ਰਹੀ ਸੀ ?

4. ਬੀਜੀ ਆਪਣੀ ਜਾਇਦਾਦ ਕਿਸ ਨੂੰ ਦੇਣਾ ਚਾਹੁੰਦੀ ਹੈ ?

5. ਤਾਏ ਮਨਸਾ ਰਾਮ ਨੂੰ ਲੋਕੀ ਵਹਿਮੀ ਕਿਉਂ ਕਹਿੰਦੇ ਸਨ ?

6. ਆਧੁਨਿਕ ਸਮੇਂ ਵਿੱਚ ਕਿਹੋ-ਜਿਹੇ ਦਿਵਸ ਮਨਾ ਕੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ?

**XVI. ਕਵਿਤਾ ਤੇ ਵਾਰਤਕ ਵਿੱਚੋਂ :-** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

1. ਵਿਸਾਖੀ ਦਾ ਮੇਲਾ ਕਵਿਤਾ ਵਿੱਚ ਕਵੀ ਨੇ ਮੇਲੇ ਦਾ ਜੋ ਦ੍ਰਿਸ਼ ਪੇਸ਼ ਕੀਤਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

2. ਲੇਖਕ ਨੂੰ ਸੁਪਨੇ ਵਿੱਚ ਬੇਬੇ ਕੀ ਕੰਮ ਕਰਦੀ ਨਜ਼ਰ ਆਉਂਦੀ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ।

**XVII. ਇਕਾਂਗੀ ਤੇ ਅਧਾਰਿਤ**

ਹੇਠ ਲਿਖੇ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ :-

1. ਬੀਜੀ ਸਿਰਜਨਾ ਨੂੰ ਡਾਕਟਰ ਕੋਲ ਕਿਉਂ ਲੈ ਕੇ ਜਾਂਦੀ ਹੈ ਤੇ ਉਹ ਕੀ ਚਾਹੁੰਦੀ ਹੈ ?